THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀਟੀਆਈਟੀ/ 1535 ਮਿਤੀ: 21-6-17

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ),
ਪੰਜਾਬ ਰਾਜ ਅਧੀਨ।

ਵਿਸ਼ਾ: **Completion of pending data entry- Regarding.**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡੀ.ਜੀ.ਟੀ, ਨਵੀਂ ਦਿੱਲੀ ਤੋਂ ਮਿਤੀ 19-06-2017 ਨੂੰ ਈਮੇਲ (ਕਾਪੀ ਨੱਥੀ) ਪ੍ਰਾਪਤ ਹੋਈ ਹੈ ਜਿਸ ਰਾਹੀਂ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਦੱਸਿਆ ਗਿਆ ਹੈ ਕਿ ਵਾਰ ਵਾਰ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਬਹੁਤ ਸਾਰੀਆਂ ਆਈ.ਟੀ.ਆਈ ਸੰਸਥਾਵਾਂ ਵੱਲੋਂ ਅਗਸਤ 2015 ਸੈਸ਼ਨ ਦੇ ਦੂਜੇ ਸਮੈਸਟਰ ਦੀ ਡਾਟਾ ਐਂਟਰੀ ਪੂਰੀ ਨਹੀਂ ਕੀਤੀ ਗਈ ਹੈ। ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਇਹ ਵੀ ਦੱਸਿਆ ਗਿਆ ਹੈ ਕਿ ਹੁਣ ਹਾਲ ਟਿਕਟ ਇਲੀਜੀਬਿਲਟੀ (Hall ticket Eligibility) ਚੈੱਕ ਕਰਨ ਨਾਲ ਇਹਨਾਂ ਸਿਖਿਆਰਥੀਆਂ ਦਾ ਸਮੈਸਟਰ ਦੂਜੇ ਦਾ ਨਤੀਜਾ ਜਾਰੀ ਨਹੀਂ ਹੋ ਪਾ ਰਿਹਾ ਹੈ।

ਉਪਰੋਕਤ ਦੇ ਸਨਮੁੱਖ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਸਮੂਹ ਆਈ.ਟੀ.ਆਈ ਸੰਸਥਾਵਾਂ ਨੂੰ ਹਦਾਇਤ ਕਰਦੇ ਹੋਏ ਕਿਹਾ ਗਿਆ ਹੈ ਕਿ ਮਿਤੀ 30-06-2017 ਤੱਕ ਸੈਸ਼ਨ 2015 ਦੇ ਸਮੈਸਟਰ ਦੂਜੇ ਦੇ ਸਿਖਿਆਰਥੀਆਂ ਦੀ ਡਾਟਾ ਐਂਟਰੀ ਪੂਰੀ ਕੀਤੀ ਜਾਵੇ ਅਤੇ ਇਸ ਮੰਤਵ ਲਈ ਸੈਸ਼ਨ 2015 ਦੇ ਸਮੈਸਟਰ ਦੂਜੇ (Main) ਦੀਆਂ ਸੈਸ਼ਨਲ ਮਾਰਕਸ ਸਟੇਟਸ (Sessional Marks Status), ਪ੍ਰੀਖਿਆ ਫੀਸ ਸਟੇਟਸ (Exam Fee Status) ਅਤੇ ਹਾਲ ਟਿਕਟ ਇਲੀਜੀਬਿਲੀਟੀ ਸਟੇਟਸ (Hall ticket Eligibility Status) ਰਿਪੋਰਟਾਂ ਚੈੱਕ ਕੀਤੀਆਂ ਜਾਣ।

ਉਪਰੋਕਤ ਦੇ ਸਨਮੁੱਖ ਸਮੂਹ ਆਈ.ਟੀ.ਆਈ ਸੰਸਥਾਵਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿੱਜੀ ਧਿਆਨ ਦਿੰਦੇ ਹੋਏ ਉਪਰੋਕਤ ਦਰਸਾਏ/ਨੱਥੀ ਈਮੇਲ ਅਨੁਸਾਰ ਮਿਤੀਬੱਧ ਤਰੀਕੇ ਨਾਲ ਯੋਗ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ । ਜੇਕਰ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਦੇਰੀ/ਗਲਤੀ ਹੁੰਦੀ ਹੈ ਜਾਂ ਡਾਟਾ ਅਪਲੋਡ ਕਰਨਾ ਰਹਿ ਜਾਂਦਾ ਹੈ ਤਾਂ ਇਸ ਸਬੰਧੀ ਪੂਰਨ ਜ਼ਿੰਮੇਵਾਰੀ ਸਬੰਧਤ ਸੰਸਥਾ ਦੇ ਮੁਖੀ ਦੀ ਹੀ ਹੋਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਅਤੇ ਇਸ ਦੀ ਇਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

ਨੱਥੀ: ਉਪਰੋਕਤ ਅਨੁਸਾਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

Assistant Controller ITI <aceitipb@gmail.com>

# Completion of pending data entry- regarding.

**noreply@dget.gov.in** <noreply@dget.gov.in> Mon, Jun 19, 2017 at 10:33 AM
To: noreply@dget.gov.in
Cc: noreply@dget.gov.in

Sir, It is observed that despite numerous follow-ups lot of ITIs have not complete Aug 2015 Semester 2 data entry. With Hall Ticket eligibility check in place now, all these trainees' Semester 2 result is stuck. Therefore, all ITIs are instructed to complete data entry for Aug 2015 Semester 2 by 30 June 2017. For reference please check reports: Sessional Marks Status, Exam Fee Status and Hall Ticket Eligibility status for Aug 2015 Semester 2 (Main). -- Regards Kritanand Singh, Deputy Director of Training, Room no. 601, T.T.Cell, DGET, New Delhi